

ਸਰੀਰਕ ਮੌਤ ਤੋਂ ਮੈਂ ਨਹੀਂ ਡਰਦਾ,
ਜ਼ਮੀਰ ਦਾ ਮਰ ਜਾਣਾ ਯਕੀਨਨ ਮੌਤ ਹੈ।
-ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

# ਚੜ੍ਹਦੀ ਕਲਾ
# ਸੰਪਾਦਕੀ

## 'ਹਿੰਦੂਤਵੀ ਦੈਂਤ ਦੀ ਮੰਦੀ ਹਵਾੜ੍ਹ'

ਆਰ. ਐਸ. ਐਸ. ਦੀ ਕੁੱਖ 'ਚੋਂ ਜਨਮੀ, ਹਿੰਦੂਤਵੀ ਬੀਜ ਤੇ ਗੁੜ੍ਹਤੀ ਦੋਹਾਂ ਨਾਲ ਓਤ-ਪੋਤ ਕਮਲ ਫੁੱਲ ਮਾਰਕਾ ਬੀਜੇਪੀ ਦੀ ਲੀਡਰਸ਼ਿਪ, ਦੱਖਣੀ ਭਾਰਤ (ਕਰਨਾਟਕਾ) ਵਿੱਚ ਆਪਣੀ ਅਣਕਿਆਸੀ ਜਿੱਤ ਤੋਂ ਬਾਅਦ, ਦਿਮਾਗੀ-ਭੂਤਰੇਪਣ ਦਾ ਖੁੱਲ੍ਹ ਕੇ ਮੁਜ਼ਾਹਰਾ ਕਰ ਰਹੀ ਹੈ। ਪਿਛਲੇ ਦਿਨੀਂ ਨਵੀਂ ਦਿੱਲੀ ਵਿੱਚ ਹੋਈ ਬੀਜੇਪੀ ਦੀ ਰਾਸ਼ਟਰੀ ਕਾਰਜਕਾਰਨੀ ਦੀ ਮੀਟਿੰਗ ਵਿੱਚ, ਹਿੰਦੂਤਵੀ ਏਜੰਡਾ ਆਪਣੇ 'ਅਸਲੀ ਰੰਗ' ਵਿੱਚ ਵੀਚਾਰਿਆ ਗਿਆ। ਕਰਨਾਟਕਾ ਵਿਧਾਨ ਸਭਾ ਚੋਣਾਂ ਦੌਰਾਨ, ਬੀਜੇਪੀ ਨੇ ਇਸ ਏਜੰਡੇ ਨੂੰ ਠੰਡੇ ਬਸਤੇ ਵਿੱਚ ਪਾ ਦਿੱਤਾ ਸੀ ਤਾਂ ਕਿ ਕਰਨਾਟਕਾ ਦੇ ਵੋਟਰਾਂ ਨੂੰ ਬੀਜੇਪੀ ਦੇ ਬਕਸਿਆਂ ਵਿੱਚ ਵੋਟਾਂ ਪਾਉਣ ਲਈ ਪ੍ਰੇਰਿਤ ਕੀਤਾ ਜਾ ਸਕੇ।

ਉਪਰੋਕਤ ਕਾਰਜਕਾਰਨੀ ਮੀਟਿੰਗ ਵਿੱਚ, ਪਾਰਟੀ ਪ੍ਰਧਾਨ ਰਾਜਨਾਥ ਸਿੰਘ ਨੇ ਸਪੱਸ਼ਟ ਐਲਾਨ ਕੀਤਾ ਕਿ "ਜਦੋਂ ਬੀਜੇਪੀ ਸੱਤਾ ਵਿੱਚ ਆਈ ਤਾਂ ਉਹ ਭਾਰਤੀ ਸੰਵਿਧਾਨ ਵਿੱਚ ਸੰਸ਼ੋਧਨ ਕਰਕੇ, ਸੰਵਿਧਾਨ ਵਿੱਚੋਂ 'ਧਰਮ-ਨਿਰਪੱਖਤਾ' ਸ਼ਬਦ ਕੱਢ ਦੇਵੇਗੀ।" ਆਪਣੇ ਕੇਸ ਦੀ ਵਕਾਲਤ ਕਰਦਿਆਂ ਉਸ ਨੇ ਕਿਹਾ ਕਿ ਭਾਰਤਵਾਸੀਆਂ ਦਾ ਇੱਕੋ ਇੱਕ ਧਰਮ 'ਹਿੰਦੂ' ਹੀ ਹੈ, ਬਾਕੀ ਅਖੌਤੀ ਧਰਮ (ਇਸਲਾਮ, ਇਸਾਈ, ਸਿੱਖ, ਬੋਧੀ, ਜੈਨੀ, ਪਾਰਸੀ ਆਦਿਕ) ਤਾਂ ਸਿਰਫ 'ਪੰਥ' (ਰਸਤਾ) ਕਹਾਉਣ ਦਾ ਹੀ ਹੱਕ ਰੱਖਦੇ ਹਨ। ਉਸ ਅਨੁਸਾਰ, ਇਹ ਅੱਡ-ਅੱਡ 'ਪੰਥ', ਹਿੰਦੂ ਮਹਾਂਸਾਗਰ ਵਿੱਚੋਂ ਉੱਠਦੀਆਂ ਤਰੰਗਾਂ ਵਾਂਗ ਹਨ, ਜੋ ਅਖੀਰ 'ਹਿੰਦੂ ਸਾਗਰ' ਵਿੱਚ ਹੀ ਲੀਨ ਹੋ ਜਾਂਦੀਆਂ ਹਨ। ਜ਼ਾਹਰ ਹੈ ਕਿ ਬੀਜੇਪੀ ਸੰਵਿਧਾਨਕ ਸੋਧ ਰਾਹੀਂ ਮੁਸਲਮਾਨਾਂ, ਈਸਾਈਆਂ ਅਤੇ ਪਾਰਸੀਆਂ ਨੂੰ ਵੀ ਹੁਣ ਹਿੰਦੂ ਬਣਾਏਗੀ ਕਿਉਂਕਿ ਭਾਰਤੀ ਸੰਵਿਧਾਨ ਦੇ ਆਰਟੀਕਲ - 25 ਰਾਹੀਂ ਸਿੱਖਾਂ, ਬੋਧੀਆਂ ਤੇ ਜੈਨੀਆਂ ਨੂੰ ਤਾਂ ਪਹਿਲਾਂ ਹੀ 'ਹਿੰਦੂ' ਗਰਦਾਨਿਆ ਹੋਇਆ ਹੈ। ਹੁਣ, ਉਹਨਾਂ ਘੱਟਗਿਣਤੀਆਂ ਦੀ ਵਾਰੀ ਹੈ ਜਿਹਨਾਂ ਨੂੰ ਸੰਵਿਧਾਨ ਵਿੱਚ 'ਵੱਖਰੇ ਕਾਨੂੰਨਾਂ' (ਪਰਸਨਲ ਲਾਅ) ਦੇ ਤਹਿਤ, ਅੱਡ ਧਰਮ ਮੰਨਿਆ ਹੋਇਆ ਹੈ। ਬੀਜੇਪੀ ਦਾ ਇਹ ਐਲਾਨ, ਉਹਨਾਂ ਦੇ 1960ਵਿਆਂ ਅਤੇ 1970ਵਿਆਂ ਦੇ ਨਾਹਰੇ 'ਹਰ ਇੱਕ ਦਾ ਭਾਰਤੀਕਰਣ ਕਰੋ' ਦੀ ਛੇਕੜਲੀ ਵਿਆਖਿਆ ਹੈ। ਇਸੇ ਤਰ੍ਹਾਂ ਜੰਮੂ-ਕਸ਼ਮੀਰ ਵਿੱਚ ਮੁਸਲਮਾਨਾਂ ਦੀ ਬਹੁਗਿਣਤੀ ਖਤਮ ਕਰਨ ਲਈ ਬੇਜੇਪੀ ਦਾ ਐਲਾਨ ਹੈ ਕਿ ਜੰਮੂ-ਕਸ਼ਮੀਰ ਸਬੰਧੀ ਭਾਰਤੀ ਸੰਵਿਧਾਨ ਦੀ ਧਾਰਾ - 370 ਨੂੰ 'ਖਤਮ' ਕੀਤਾ ਜਾਵੇਗਾ ਤਾਂ ਕਿ ਉੱਥੇ ਹਿੰਦੂਆਂ ਨੂੰ ਲਿਜਾ ਕੇ ਵਸਾਇਆ ਜਾ ਸਕੇ। ਪੰਜਾਬ ਵਿੱਚ 'ਕਾਨੂੰਨੀ ਪਾਬੰਦੀ' ਨਾ ਹੋਣ ਦਾ ਫਾਇਦਾ ਉਠਾਉਂਦਿਆਂ, ਪੰਜਾਬ ਵਿਚਲੀ ਸਿੱਖ ਅਬਾਦੀ ਦਾ 'ਭਈਆਕਰਣ' ਕਰਨ ਦਾ ਏਜੰਡਾ ਪਹਿਲਾਂ ਹੀ ਜ਼ੋਰ-ਸ਼ੋਰ ਨਾਲ ਲਾਗੂ ਕੀਤਾ ਜਾ ਰਿਹਾ ਹੈ। ਬੀਜੇਪੀ ਵਿੱਚ 'ਮਾਡਰੇਟ ਚਿਹਰਾ' ਸਮਝੇ ਜਾਂਦੇ, ਸਾਬਕਾ ਵਿਦੇਸ਼ ਮੰਤਰੀ ਜਸਵੰਤ ਸਿੰਘ ਨੂੰ ਵੀ ਅੱਜਕੱਲ੍ਹ ਪੂਰਾ ਹਿੰਦੂਤਵੀ ਬੁਖਾਰ ਚੜ੍ਹਿਆ ਹੋਇਆ ਹੈ। ਜਸਵੰਤ ਸਿੰਘ ਨੇ ਇਸ ਮੀਟਿੰਗ ਵਿੱਚ ਬੋਲਦਿਆਂ ਕਿਹਾ - "ਅਸੀਂ ਨੇਪਾਲ ਵਿੱਚ 'ਸੈਕੂਲਰ ਸਰਕਾਰ' ਬਣਨ ਦੀ ਪੂਰੀ ਤਰ੍ਹਾਂ ਨਿਖੇਧੀ ਕਰਦੇ ਹਾਂ। ਇੱਕ ਹਿੰਦੂ ਹੋਣ ਦੇ ਨਾਤੇ ਅੱਜ ਮੈਨੂੰ ਆਪਣਾ ਕੱਦ ਬਹੁਤ ਛੋਟਾ ਲੱਗ ਰਿਹਾ ਹੈ ਜਦੋਂ ਕਿ ਮੇਰੀਆਂ ਅੱਖਾਂ ਸਾਹਮਣੇ ਨੇਪਾਲ ਦੇ 'ਹਿੰਦੂ ਰਾਜੇ' ਨੂੰ ਮਹਿਲ 'ਚੋਂ ਬਾਹਰ ਕੱਢ ਕੇ ਨੇਪਾਲ ਵਿਚਲੇ 'ਹਿੰਦੂ ਰਾਜ' ਦਾ ਖਾਤਮਾ ਕਰ ਦਿੱਤਾ ਗਿਆ ਹੈ।" ਹਿੰਦੂਤਵੀਆਂ ਨੇ ਨੇਪਾਲ ਵਿੱਚ 'ਹਿੰਦੂ ਰਾਜ' ਦੇ ਖਾਤਮੇ ਦਾ ਵਿਰੋਧ ਕਰਨ ਲਈ, ਹਮਲਾਵਰ ਰੁਖ ਅਪਨਾਉਣ ਦਾ ਫੈਸਲਾ ਕੀਤਾ ਹੈ। ਵਰਲਡ ਹਿੰਦੂ ਫੈਡਰੇਸ਼ਨ ਦੀ ਨੇਪਾਲ ਨੈਸ਼ਨਲ ਕਮੇਟੀ ਨੇ ਐਲਾਨ ਕੀਤਾ ਹੈ ਕਿ ਉਹ 5 ਜੂਨ ਤੋਂ ਨੇਪਾਲ ਨੂੰ 'ਸੈਕੂਲਰ ਸਟੇਟ' ਐਲਾਨਣ ਦੇ ਵਿਰੋਧ ਵਿੱਚ ਰੋਸ ਵਿਖਾਵੇ

ਕਰਨਗੇ। ਵਰਲਡ ਹਿੰਦੂ ਫੈਡਰੇਸ਼ਨ ਦੇ ਇੰਟਰਨੈਸ਼ਨਲ ਚੇਅਰਮੈਨ ਹੇਮ ਬਹਾਦਰ ਕੀਰਕੀ ਦਾ ਕਹਿਣਾ ਹੈ ਕਿ "ਨੇਪਾਲ ਦੀ ਸੰਵਿਧਾਨ - ਘੜੂ ਅਸੰਬਲੀ ਨੂੰ, ਨੇਪਾਲ ਨੂੰ ਸੈਕੂਲਰ ਸਟੇਟ ਬਣਾਉਣ ਦੇ ਫੈਸਲੇ 'ਤੇ ਮੁੜ ਵੀਚਾਰ ਕਰਨੀ ਚਾਹੀਦੀ ਹੈ। ਨੇਪਾਲ ਨੂੰ ਇੱਕ ਹਿੰਦੂ ਦੇਸ਼ ਹੀ ਰਹਿਣ ਦੇਣਾ ਚਾਹੀਦਾ ਹੈ ਤੇ ਲੋਕਾਂ ਦੇ ਧਾਰਮਿਕ ਵਿਸ਼ਵਾਸਾਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ।"

ਨੇਪਾਲ ਵਿੱਚ ਮਾਓਵਾਦੀਆਂ ਦੀ ਚੜ੍ਹਤ ਅਤੇ 'ਹਿੰਦੂ ਰਾਜ' ਦੇ ਖਾਤਮੇ ਨਾਲ, ਹਿੰਦੂਤਵੀ ਬੜੇ ਸਕਤੇ ਵਿੱਚ ਹਨ। ਉਹ ਤਾਂ ਭਾਰਤ ਨੂੰ ਹਿੰਦੂ ਰਾਜ ਐਲਾਨਣ ਦੇ ਆਹਰ ਵਿੱਚ ਹਨ ਜਦੋਂ ਕਿ ਦੁਨੀਆਂ ਵਿਚਲਾ ਇੱਕੋ ਇੱਕ ਹਿੰਦੂ ਰਾਜ-ਨੇਪਾਲ ਵੀ ਹੱਥ ਵਿੱਚੋਂ ਨਿਕਲ ਗਿਆ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਪਿਛਲੇ ਵਰ੍ਹਿਆਂ ਵਿੱਚ ਆਪਣੇ ਮੁੱਖ ਸਮਾਗਮ - ਕਾਠਮੰਡੂ ਵਿੱਚ, ਰਾਜਾ ਗਿਆਨਇੰਦਰ ਦੀ ਪ੍ਰਧਾਨਗੀ ਥੱਲੇ ਕੀਤੇ ਸਨ ਅਤੇ ਰਾਜਾ ਗਿਆਨਇੰਦਰ ਨੂੰ 'ਹਿੰਦੂਤਵ ਦਾ ਤਾਜ' ਐਲਾਨਿਆ ਸੀ। ਨੇਪਾਲ ਦੀ ਲੱਗਭਗ 240 ਸਾਲ ਪੁਰਾਣੀ ਰਾਜਾਸ਼ਾਹੀ ਹਿੰਦੂਤਵ ਦੇ 'ਅਵਤਾਰਵਾਦ' 'ਚੋਂ ਹੀ ਨਿਕਲੀ ਸੀ ਅਤੇ ਰਾਜੇ ਨੂੰ ਵੀ 'ਰੱਬ (ਵਿਸ਼ਨੂੰ) ਦਾ ਅਵਤਾਰ' ਹੀ ਐਲਾਨਿਆ ਹੋਇਆ ਸੀ। ਰਾਜਾਸ਼ਾਹੀ ਤੋਂ ਪਹਿਲਾਂ ਵੀ ਸ਼ੰਕਰਾਚਾਰੀਆ ਦੇ ਜ਼ਮਾਨੇ ਵਿੱਚ (8ਵੀਂ ਸਦੀ ਵਿੱਚ 788-820 ਏ. ਡੀ.) ਜਦੋਂਕਿ ਇੱਕ ਹਜ਼ਾਰ ਸਾਲ ਪੁਰਾਣੇ ਬੁੱਧ ਧਰਮ ਨੂੰ ਭਾਰਤ ਵਿੱਚੋਂ 'ਸ਼ਸ਼ਤਰ ਤੇ ਸ਼ਾਸਤਰ' ਦੋਹਾਂ ਦੀ ਵਰਤੋਂ ਨਾਲ, ਜੜ੍ਹੋਂ ਉਖਾੜ ਦਿੱਤਾ ਗਿਆ ਸੀ, ਨੇਪਾਲ ਦੇ ਸ਼ਾਸ਼ਕਾਂ ਨੇ ਸ਼ੰਕਰਾਚਾਰੀਆ ਦੇ ਹੱਕ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਸੀ। ਇਹ ਉਹ ਸਮਾਂ ਸੀ ਜਦੋਂ ਕਿ ਬਦਰੀਨਾਥ ਤੇ ਕੇਦਾਰਨਾਥ ਵਰਗੇ ਬੁੱਧ ਧਰਮ ਦੇ ਪਵਿੱਤਰ ਸਥਾਨਾਂ 'ਤੇ ਜ਼ਬਰਦਸਤੀ ਕਬਜ਼ਾ ਕਰਕੇ ਇਨ੍ਹਾਂ ਨੂੰ ਸ਼ਿਵ ਜੀ ਤੇ ਵਿਸ਼ਨੂੰ ਦੇ ਮੰਦਰ ਐਲਾਨ ਦਿੱਤਾ ਗਿਆ ਸੀ। ਲੱਖਾਂ ਬੋਧੀਆਂ ਨੂੰ ਇਵੇਂ ਹੀ ਜਿਊਂਦੇ ਸਾੜਿਆ ਗਿਆ ਸੀ, ਜਿਵੇਂ ਕਿ ਨਵੰਬਰ 1984 ਵਿੱਚ ਸਿੱਖਾਂ ਨੂੰ ਸਾੜਿਆ ਗਿਆ ਹੈ। ਸ਼ੰਕਰਾਚਾਰੀਆ ਨੇ, ਉਪਰੋਕਤ ਮੰਦਰਾਂ ਲਈ ਕੇਰਲਾ ਤੋਂ 'ਨੰਬੂਦਰੀ' ਬ੍ਰਾਹਮਣਾਂ ਨੂੰ ਲਿਆਂਦਾ ( ਉਹ ਆਪ ਵੀ ਨੰਬੂਦਰੀ ਬ੍ਰਾਹਮਣ ਸੀ)। ਅੱਜ ਵੀ ਇਨ੍ਹਾਂ ਮੰਦਰਾਂ ਦੇ ਪੁਰੋਹਿਤ, ਪੁਜਾਰੀ, ਨੰਬੂਦਰੀ ਬ੍ਰਾਹਮਣਾਂ ਦੇ ਵੰਸ਼ਜ਼ ਹੀ ਹਨ। ਨੇਪਾਲ ਵਿਚਲਾ 'ਪਸ਼ੂਪਤੀ' (ਸ਼ਿਵ ਜੀ) ਦਾ ਮੰਦਰ ਵੀ ਉਨ੍ਹਾਂ ਦਿਨਾਂ ਦੀ ਹੀ ਯਾਦ ਕਰਵਾਉਂਦਾ ਹੈ। ਜਿਨ੍ਹਾਂ ਬੋਧੀਆਂ ਨੇ ਜਾਨਾਂ ਬਚਾਉਣ ਲਈ 'ਹਿੰਦੂ' ਬਣਨਾ ਕਬੂਲ ਕੀਤਾ, ਉਨ੍ਹਾਂ ਨੂੰ ਸ਼ਿਵ ਜੀ ਤੇ ਦੁਰਗਾ ਦੇ ਮੰਦਰਾਂ ਵਿੱਚ 'ਪਸ਼ੂ ਬਲੀ' ਦੇਣ ਲਈ ਕਿਹਾ ਜਾਂਦਾ ਸੀ ਤਾਂਕਿ ਉਨ੍ਹਾਂ ਦਾ 'ਅਹਿੰਸਾ' ਦਾ ਪ੍ਰਣ ਟੁੱਟੇ। ਯਾਦ ਰਹੇ ਕਿ ਬੁੱਧ ਧਰਮ ਤੇ ਜੈਨ ਧਰਮ ਦਾ ਮੁੱਢਲਾ ਅਸੂਲ ਹੀ 'ਅਹਿੰਸਾ' ਹੈ -ਜਦੋਂਕਿ ਬ੍ਰਾਹਮਣਾਂ ਨੇ ਇਨ੍ਹਾਂ ਦੋਹਾਂ ਮੱਤਾਂ ਦਾ ਖਾਤਮਾ 'ਰਾਜਸੀ ਹਿੰਸਾ' ਨਾਲ ਕੀਤਾ।

ਬੀ. ਜੇ. ਪੀ. ਦੀ ਦਿੱਲੀ ਬੈਠਕ ਵਿਚਲੀਆਂ ਯੁਕਤੀਆਂ ਵੀਚਾਰਾਂ ਦਾ ਲੁਕਵਾਂ ਸੁਨੇਹਾ ਘੱਟ-ਗਿਣਤੀਆਂ ਨੂੰ ਇਹ ਹੀ ਹੈ ਕਿ ਸਾਡੀ ਸਰਕਾਰ ਆ ਲੈਣ ਦਿਓ, ਫਿਰ ਤੁਹਾਨੂੰ 'ਸਮਝਾ' ਦਿਆਂਗੇ ਕਿ ਤੁਸੀਂ ਕਿਹੜੇ ਧਰਮ ਨੂੰ ਮੰਨਣ ਵਾਲੇ ਹੋ।

ਬੀ. ਜੇ. ਪੀ. ਦੀ ਮੀਟਿੰਗ ਵਿੱਚ, ਪ੍ਰਧਾਨ ਮੰਤਰੀ ਪਦ ਲਈ 'ਐਲਾਨੇ ਜਾ ਚੁੱਕੇ' ਪੰਡਿਤ ਅਡਵਾਨੀ (ਗੋਤ ਭਾਰਦਵਾਜ) ਦੇ ਚਿਹਰੇ ਦੀ ਲਾਲੀ ਡੁੱਲ੍ਹ ਡੁੱਲ੍ਹ ਪੈ ਰਹੀ ਸੀ। ਉਨ੍ਹਾਂ ਨੇ ਪੂਰੀ ਆਵਾਜ਼ ਵਿੱਚ ਚੀਖਦਿਆਂ ਕਿਹਾ -'ਮਨਮੋਹਣ ਸਿੰਘ ਸਰਕਾਰ ਸ਼ਕਤੀਹੀਣ, ਕਮਜ਼ੋਰ, ਲਕਵੇ ਤੇ ਅਧਰੰਗ ਦੀ ਮਾਰੀ ਹੋਈ ਹੈ। ਹੁਣ ਸਾਡੀ ਰਾਜ ਕਰਨ ਦੀ ਵਾਰੀ ਹੈ। ਪਹਿਲਾਂ ਸਾਨੂੰ ਖੇਤਰੀ ਪਾਰਟੀ ਵਾਂਗ ਸਮਝਿਆ ਜਾਂਦਾ ਸੀ ਪਰ ਹੁਣ ਕਰਨਾਟਕ ਵਿੱਚ ਸਾਡਾ ਫਰਾਟੇ ਮਾਰ ਰਿਹਾ ਹਿੰਦੂਤਵੀ ਭਗਵਾ ਝੰਡਾ ਦੱਸ ਰਿਹਾ ਹੈ ਕਿ ਸਿਰਫ ਅਸੀਂ ਹੀ ਇੱਕੋ ਇੱਕ ਰਾਸ਼ਟਰੀ ਪਾਰਟੀ ਹਾਂ... ਆਦਿ ਆਦਿ।"

ਇਹ ਉਹ ਹੀ ਅਡਵਾਨੀ ਹੈ, ਜਿਸ ਨੇ ਆਪਣੀ ਹੁਣੇ ਜਿਹੇ ਪ੍ਰਕਾਸ਼ਿਤ ਪੁਸਤਕ - 'ਮੇਰਾ ਦੇਸ਼-ਮੇਰੀ ਜ਼ਿੰਦਗੀ' ਵਿੱਚ ਆਪਣੀ ਅਸਲੀਅਤ ਨੂੰ ਪੂਰੀ ਤਰ੍ਹਾਂ ਉਘਾੜਿਆ ਹੈ। ਆਪਣੀ ਲਿਖਤ ਵਿੱਚ ਉਹ 'ਗੁਰੂ ਨਾਨਕ ਸਾਹਿਬ' ਦੀ ਸਿੱਖ ਵੀਚਾਰਧਾਰਾ' ਨੂੰ 'ਸੰਤ ਨਾਨਕ' ਨਾਲ ਸੰਬੋਧਿਤ ਹੋ ਕੇ, ਹਿੰਦੂਆਂ ਦੀ 'ਭਗਤੀ ਲਹਿਰ' ਨਾਲ ਜੋੜਦਾ ਹੈ। ਆਰ. ਐੱਸ. ਐਸ. ਦੀ ਸਿੱਖ ਧਰਮ ਪ੍ਰਤੀ ਮੁੱਢ ਤੋਂ ਹੀ ਇਹ 'ਸਿਧਾਂਤਕ ਪੁਜ਼ੀਸ਼ਨ' ਰਹੀ ਹੈ। ਅਡਵਾਨੀ ਇਸ ਗੱਲ 'ਤੇ ਬੜਾ ਮਾਣ ਕਰਦਾ ਹੈ ਕਿ ਜੂਨ-1984 ਵਿੱਚ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਦਾ ਫੈਸਲਾ, ਇੰਦਰਾ ਗਾਂਧੀ ਨੇ ਪਾਰਲੀਮੈਂਟ ਵਿੱਚ ਉਸ ਵਲੋਂ ਕੀਤੇ ਗਏ ਉਤੇਜਕ ਭਾਸ਼ਣ ਤੋਂ ਬਾਅਦ ਹੀ ਲਿਆ ਸੀ - ਜਿਸ ਵਿੱਚ ਉਸ ਨੇ ਕਿਹਾ ਸੀ ਕਿ ਇਹ ਹਮਲਾ ਛੇ ਮਹੀਨੇ ਪਹਿਲਾਂ ਹੋਣਾ ਚਾਹੀਦਾ ਸੀ। ਅਡਵਾਨੀ, ਸੰਤ ਭਿੰਡਰਾਂਵਾਲਿਆਂ ਪ੍ਰਤੀ ਅਪਮਾਨਜਨਕ ਸ਼ਬਦਾਵਲੀ ਤੋਂ ਵੀ ਅੱਗੇ ਲੰਘ ਕੇ ਉਨ੍ਹਾਂ ਨੂੰ -ਭਰਮਾਸੁਰ (ਇੱਕ ਰਾਖਸ਼ਸ਼) ਕਹਿ ਕੇ ਸੰਬੋਧਿਤ ਹੁੰਦਾ ਹੈ ਜਦੋਂਕਿ ਉਹ ਪ੍ਰਕਾਸ਼ ਸਿੰਘ ਬਾਦਲ ਨੂੰ ਇੱਕ 'ਖੇਤਰੀ ਨੇਤਾ' ਦੀ ਥਾਂ ਤੇ 'ਕੌਮੀ ਨੇਤਾ' ਐਲਾਨਦਿਆਂ ਉਸ ਦੀ ਪੁੱਜ ਕੇ ਤਾਰੀਫ ਕਰਦਾ ਹੈ। ਯਾਦ ਰਹੇ ਇਸੇ ਅਡਵਾਨੀ ਨੇ 'ਰੱਥ-ਯਾਤਰਾਵਾਂ' ਦਾ ਦੌਰ ਸ਼ੁਰੂ ਕਰਕੇ, ਮੁਸਲਮਾਨਾਂ ਵਿਰੁੱਧ ਫਿਰਕੂ-ਨਫਰਤ ਦਾ ਮੁੱਢ ਬੰਨ੍ਹਿਆ ਅਤੇ ਫੇਰ 6 ਦਸੰਬਰ, 1992 ਨੂੰ ਬਾਬਰੀ-ਮਸੀਤ ਢਾਹੁਣ ਵਿੱਚ ਪ੍ਰਮੁੱਖ ਰੋਲ ਅਦਾ ਕਰਕੇ, ਮੁਸਲਮਾਨਾਂ ਦਾ ਬੰਬਈ ਆਦਿਕ ਸ਼ਹਿਰਾਂ ਵਿੱਚ ਕਤਲੇਆਮ ਕਰਵਾਇਆ। 20 ਮਾਰਚ, 2000 ਨੂੰ ਪ੍ਰਧਾਨ ਕਲਿੰਟਨ ਦੀ ਭਾਰਤ ਫੇਰੀ ਮੌਕੇ, ਕਸ਼ਮੀਰ ਦੇ ਚਿੱਠੀ ਸਿੰਘਪੁਰਾ ਵਿੱਚ

35 ਸਿੱਖਾਂ ਦਾ ਕਤਲੇਆਮ, ਗ੍ਰਹਿ ਮੰਤਰੀ ਅਡਵਾਨੀ ਦੀ ਦੇਖ-ਰੇਖ ਵਿੱਚ ਹੀ ਹੋਇਆ। 2002 ਵਿੱਚ ਗੁਜਰਾਤ ਵਿੱਚ ਨਰਿੰਦਰ ਮੋਦੀ ਵਲੋਂ ਕੀਤਾ ਗਿਆ ਹਜ਼ਾਰਾਂ ਮੁਸਲਮਾਨਾਂ ਦਾ ਕਤਲੇਆਮ, ਅਡਵਾਨੀ-ਮੋਦੀ ਸਾਂਝੀ ਯੋਜਨਾ ਦਾ ਹੀ ਹਿੱਸਾ ਸੀ। ਇਹ ਦੋਵੇਂ 'ਕਾਤਲ' ਇੱਕ ਦੂਸਰੇ ਦੇ ਜੁੜਵੇਂ-ਭਰਾ ਹੀ ਹਨ।

ਪਾਠਕਜਨ! ਘੱਟ ਗਿਣਤੀਆਂ ਦੀ ਦੁਸ਼ਮਣ ਵੀਚਾਰਧਾਰਾ -ਹਿੰਦੂਤਵ ਦੇ ਅਲੰਬਰਦਾਰ ਤਾਂ 'ਕਿਆਮਤ ਦੀ ਚਾਲ' ਚੱਲ ਰਹੇ ਹਨ ਪਰ ਜਿਨ੍ਹਾਂ 'ਤੇ ਇਹ ਚਾਲ ਚੱਲੀ ਜਾ ਰਹੀ ਹੈ, ਉਨ੍ਹਾਂ ਦਾ ਵੱਡਾ ਹਿੱਸਾ ਜਾਂ ਤਾਂ ਗ਼ਫ਼ਲਤ ਦੀ ਨੀਂਦ ਸੌਂ ਰਿਹਾ ਹੈ ਜਾਂ ਚੰਦ ਟੁਕੜਿਆਂ ਪਿੱਛੇ ਵਿਕਿਆ ਹੋਇਆ ਹੈ। ਵਿਕੇ ਹੋਇਆਂ ਦੇ ਕਾਫਲੇ ਦਾ ਸਰਦਾਰ ਬਾਦਲ ਹੈ, ਜਿਸ ਨੂੰ ਅਡਵਾਨੀ 'ਕੌਮੀ ਨੇਤਾ' ਐਲਾਨਦਾ ਹੈ। ਕੌਮੀ ਪੀੜ ਮਹਿਸੂਸ ਕਰਨ ਵਾਲੇ ਅਤੇ ਆਉਂਦੇ ਖਤਰਿਆਂ ਨੂੰ ਭਾਂਪਣ ਵਾਲੇ 'ਕੋਈ ਹਰਿਓ ਬੂਟ ਰਹਿਓ ਰੀ' ਵਾਂਗ ਵਿਰਲੇ ਹੀ ਹਨ ਅਤੇ ਉਨ੍ਹਾਂ ਵਿਰਲਿਆਂ ਚੋਂ ਫੇਰ ਕੋਈ ਵਿਰਲੇ ਹੀ ਇਸ ਪਾਸੇ ਕੁਝ ਕਰਨ ਲਈ ਤੱਤਪਰ ਹਨ। ਹਿੰਦੂਤਵੀ ਦੈਂਤ ਦੀ ਮੰਦੀ ਹਵ੍ਹਾੜ, 'ਆਦਮ ਬੋ-ਆਦਮ ਬੋ' ਦਾ ਸੁਨੇਹਾ ਦਿੰਦੀ ਫਿਜ਼ਾ ਵਿੱਚ ਪਸਰ ਰਹੀ ਹੈ। ਕੀ ਅਸੀਂ ਇਸ ਰਾਖਸ਼ਸ਼ ਤੋਂ ਬਚਾ ਲਈ ਕੋਈ ਓਹੜ-ਪੋਹੜ ਨਹੀਂ ਕਰਨਾ? ਸੰਭਲਣ ਦੀ ਲੋੜ ਹੈ ਨਹੀਂ ਤਾਂ ਫੇਰ 'ਅਬ ਪਛਤਾਏ ਕਿਆ ਹੋਤ, ਜਬ ਚਿੜੀਆਂ ਚੁਗ ਗਈ ਖੇਤ ਵਾਲੀ ਦਸ਼ਾ ਹੋਵੇਗੀ -

'ਉਠੋ, ਵਗਰਨਹ ਮਹਿਸ਼ਰ ਨਾ ਹੋਗਾ ਫਿਰ ਕਭੀ, ਦੌੜੋ! ਜ਼ਮਾਨਾ ਚਾਲ ਕਿਆਮਤ ਕੀ ਚਲ ਗਿਆ।